# ਸੁਰਲੋਕ- ਅੰਤਰ ਕਾਲਜ ਮੁਕਾਬਲੇ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇ ਪੰਜਾਬੀ ਵਿਭਾਗ ਵਲੋਂ ਪੰਜਾਬੀ ਸਾਹਿਤ ਸਭਾ 'ਕਲਮ' ਵੱਲੋਂ ਆਪਣੇ ਸਾਲਾਨਾ ਪ੍ਰੋਗਰਾਮ 'ਸੁਰਲੋਕ' ਦਾ ਆਯੋਜਨ ਕੀਤਾ। ਜਿਸ ਦੇ ਅੰਤਰਗਤ ਅੰਤਰ- ਕਾਲਜ ਮੁਕਾਬਲੇ ਕਰਵਾਏ ਗਏ।ਜਿਸ ਅਧੀਨ ਤਿੰਨ ਮੁਕਾਬਲੇ ਰੱਖੇ ਗਏ, ਜਿਵੇਂ : 'ਸਵੈ-ਰਚਿਤ ਪੰਜਾਬੀ ਕਵਿਤਾ, ਲੋਕ-ਗੀਤ ਗਾਇਣ ਤੇ ਪੋਸਟਰ ਬਣਾਉਣਾ।' ਇਸ ਪ੍ਰੋਗਰਾਮ ਦਾ ਸੰਚਾਲਨ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕੀਤਾ।ਇਸ ਪ੍ਰੋਗਰਾਮ ਵਿਚ ਜੱਜ ਸਾਹਿਬਾਨ ਵਜੋਂ ਡਾ. ਸੁਨੀਲ ਸੇਠ ਤੇ ਡਾ. ਮਨਮੋਹਨ ਸਿੰਘ ਹਾਜ਼ਿਰ ਹੋਏ।ਵਿਭਾਗ ਦੇ ਕਨਵੀਨਰ ਡਾ.ਬਰਜਿੰਦਰ ਸਿੰਘ ਚੌਹਾਨ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ।

ਇਸ ਪ੍ਰੋਗਰਾਮ ਵਿੱਚ ਸਿਰਫ਼ ਦਿੱਲੀ ਯੂਨੀਵਰਸਿਟੀ ਹੀ ਨਹੀਂ ਪੰਜਾਬ ਦੇ ਕਈ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਸਵੈ ਰਚਿਤ ਕਵਿਤਾ ਵਿਚ ਵਿਦਿਆਰਥੀਆਂ ਨੇ ਮਾਂ, ਗੁਰੂ ਤੇਗ ਬਹਾਦਰ, ਛੋਟੇ ਸਹਿਬਜ਼ਾਦਿਆਂ, ਪੰਜਾਬੀ ਬੋਲੀ ਤੇ ਦਾਜ ਦਾ ਸੰਦੂਕ ਜਿਹੇ ਵਿਸ਼ਿਆਂ ਉਤੇ ਕਵਿਤਾਵਾਂ ਸੁਣਾਈਆਂ।ਇਸ ਮੁਕਾਬਲੇ ਵਿੱਚ ਕ੍ਰਮਵਾਰ ਰਵਨੀਤ ਸਿੰਘ, ਅੰਕਿਤਾ ਵਸ਼ਿਸ਼ਟ ਤੇ ਜਸਵਿੰਦਰ ਸਿੰਘ ਜੇਤੂ ਰਹੇ। ਵਿਭਿੰਨ ਪੰਜਾਬੀ ਲੋਕ ਗੀਤ ਸੁਣਾਉਣ ਵਾਲੇ ਮੁਕਾਬਲੇ ਵਿੱਚ ਕ੍ਰਮਵਾਰ ਜਗਜੋਤ ਕੌਰ, ਪਲਕ ਤੇ ਗਗਨਪ੍ਰੀਤ ਨੇ ਇਨਾਮ ਜਿੱਤੇ। ਪੋਸਟਰ ਬਣਾਉਣ ਦਾ ਵਿਸ਼ਾ 'ਕਿਸਾਨ ਅੰਦੋਲਨ' ਰੱਖਿਆ ਗਿਆ।ਪੋਸਟਰ ਬਣਾਉਣ ਵਿਚ ਕ੍ਰਮਵਾਰ ਸਾਵੀ ਚੌਧਰੀ, ਜਗਜੋਤ ਕੌਰ ਤੇ ਨੀਕਿਤਾ ਜੇਤੂ ਰਹੇ। ਜੇਤੂਆਂ ਨੂੰ ਨਕਦ ਇਨਾਮ ਦਿੱਤੇ ਗਏ।ਇਸ ਪ੍ਰੋਗਰਾਮ ਵਿਚ ਵਿਭਾਗ ਦੇ ਸਾਰੇ ਪ੍ਰਾਧਿਆਪਕ ਡਾ. ਬੇਅੰਤ ਕੌਰ, ਡਾ. ਭੁਪਿੰਦਰਪਾਲ ਸਿੰਘ ਬਖਸ਼ੀ, ਡਾ.ਪਰਮਜੀਤ ਕੌਰ, ਡਾ.ਵਿਨੈਨੀਤ ਕੌਰ ਤੇ ਡਾ.ਪਰਮਜੀਤ ਕੌਰ ਕੰਬੋਜ ਨੇ ਆਏ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

